ਐਨਐਸਏ ਦਾ ਵੀਅਤਨਾਮ ਦਾ ਦੌਰਾ (01 - 02 ਨਵੰਬਰ, 2026)

ਰਾਸ਼ਟਰੀ ਸੁਰੱਖਿਆ ਸਲਾਹਕਾਰ ਸ਼੍ਰੀ ਅਜੀਤ ਡੋਵਾਲ ਨੇ 1-2 ਨਵੰਬਰ, 2026 ਨੂੰ ਵੀਅਤਨਾਮ ਦੇ ਹਾ ਨੋਈ ਦਾ ਅਧਿਕਾਰਕ ਦੌਰਾ ਕੀਤਾ।

2. ਇਸ ਦੌਰੇ ਦੌਰਾਨ, ਐਨਐਸਏ ਨੇ ਵੀਅਤਨਾਮ ਦੀ ਕਮਿਊਨਿਸਟ ਪਾਰਟੀ (ਸੀਪੀਵੀ) ਦੀ ਕੇਂਦਰੀ ਕਮੇਟੀ ਦੇ ਪੋਲਿਟ ਬਿਊਰੋ ਮੈਂਬਰ ਅਤੇ ਵੀਅਤਨਾਮ ਦੀ ਜਨਤਕ ਸੁਰੱਖਿਆ ਮੰਤਰੀ ਜਨਰਲ ਲੁਓਂਗ ਤਮ ਕੁਆਂਗ ਨਾਲ ਮੁਲਾਕਾਤ ਕੀਤੀ। ਦੋਵਾਂ ਧਿਰਾਂ ਨੇ ਕਾਨੂੰਨ ਲਾਗੂ ਕਰਨ, ਸਾਈਬਰ, ਸਮੁੰਦਰੀ ਅਤੇ ਆਰਥਿਕ ਸੁਰੱਖਿਆ ਸਮੇਤ ਚੱਲ ਰਹੇ ਸੁਰੱਖਿਆ ਅਤੇ ਖੁਫੀਆ ਸਹਿਯੋਗ ਬਾਰੇ ਚਰਚਾ ਕੀਤੀ। ਉਹ ਇਨ੍ਹਾਂ ਖੇਤਰਾਂ ਵਿੱਚ ਸਮਰੱਥਾ ਨਿਰਮਾਣ ਨੂੰ ਮਜ਼ਬੂਤ ਕਰਨ ਲਈ ਸਹਿਮਤ ਹੋਏ।

3. ਐਨਐਸਏ ਨੇ ਸੀਪੀਵੀ ਦੀ ਕੇਂਦਰੀ ਕਮੇਟੀ ਦੇ ਜਨਰਲ ਸਕੱਤਰ ਅਤੇ ਰਾਜ ਦੇ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਤੋ ਲੈਮ ਨਾਲ ਮੁਲਾਕਾਤ ਕੀਤੀ ਅਤੇ ਜਨਰਲ ਸਕੱਤਰ ਨੂੰ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਵੱਲੋਂ ਨਿੱਘੀਆਂ ਸ਼ੁਭਕਾਮਨਾਵਾਂ ਭੇਂਟ ਕੀਤੀਆਂ।

4. ਐਨਐਸਏ ਨੇ ਸੀਪੀਵੀ ਦੀ ਕੇਂਦਰੀ ਕਮੇਟੀ ਦੇ ਪੋਲਿਟ ਬਿਊਰੋ ਮੈਂਬਰ, ਉਪ ਪ੍ਰਧਾਨ ਮੰਤਰੀ ਅਤੇ ਰਾਸ਼ਟਰੀ ਰੱਖਿਆ ਮੰਤਰੀ ਜਨਰਲ ਫਾਨ ਵੈਨ ਗਿਆਂਗ ਅਤੇ ਸੀਪੀਵੀ ਦੀ ਕੇਂਦਰੀ ਕਮੇਟੀ ਦੇ ਪੋਲਿਟ ਬਿਊਰੋ ਮੈਂਬਰ ਅਤੇ ਵਿਦੇਸ਼ ਮੰਤਰੀ ਸ਼੍ਰੀ ਲੇ ਹੋਈ ਟਰੁੰਗ ਨਾਲ ਵੀ ਮੁਲਾਕਾਤ ਕੀਤੀ।

5. ਐਨਐਸਏ ਨੇ ਹਾ ਨੋਈ ਵਿੱਚ ਇਤਿਹਾਸਕ ਕੁਆਨ ਸੂ ਪੈਗੋਦਾ ਦਾ ਦੌਰਾ ਕੀਤਾ, ਜੋ ਕਿ ਰਾਸ਼ਟਰੀ ਵੀਅਤਨਾਮ ਬੁੱਧਿਸਟ ਸੰਘ (ਵੀਪੀਐਸ) ਦਾ ਮੁੱਖ ਦਫਤਰ ਹੈ।

6. ਭਾਰਤ ਅਤੇ ਵੀਅਤਨਾਮ 2027 ਵਿੱਚ ਦੁਵੱਲੇ ਕੂਟਨੀਤਿਕ ਸੰਬੰਧਾਂ ਦੀ ਸਥਾਪਨਾ ਦੀ 55ਵੀਂ ਵਰ੍ਹੇਗੰਢ ਮਨਾਉਣਗੇ। ਇਸ ਦੌਰੇ ਨੇ ਭਾਰਤ-ਵੀਅਤਨਾਮ ਉੱਨਤ ਵਿਆਪਕ ਰਣਨੀਤਿਕ ਸਾਂਝੇਦਾਰੀ ਦੇ ਤਹਿਤ ਦੁਵੱਲੇ ਸਹਿਯੋਗ ਵਿੱਚ ਹੋਈ ਪ੍ਰਗਤੀ ਦੀ ਸਮੀਖਿਆ ਕਰਨ ਦਾ ਮੌਕਾ ਪ੍ਰਦਾਨ ਕੀਤਾ।

ਹਾ ਨੋਈ, ਵੀਅਤਨਾਮ

02 ਨਵੰਬਰ, 2026